**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**
**ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ।**

# ਜਨਤਕ ਸੂਚਨਾ

ਮੀਮੋ ਨੰ:ਟ੍ਰਾਂਸਫਰਸੈਲ/2022/333159/07 ਮਿਤੀ: 27.06.2022

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ;11/35/2018-1edu6/1508658, ਮਿਤੀ 25.06.2019 ਰਾਹੀ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ-ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ, (ਐਸਿ), ਪੰਜਾਬ ਦੇ ਮੀਮੋ ਨੰ;SSA/HR/Transfer/2020/118750 ਮਿਤੀ 22/05/2020 ਰਾਹੀਂ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਸਨ, ਉਹ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਵੀ ਲਾਗੂ ਹੋਣਗੀਆਂ।

3.0 ਵਿਭਾਗ ਦੇ ਮੀਮੋ ਨੰ;ਟ੍ਰਾਂਸਫਰਸੈਲ/2022/397 ਮਿਤੀ 26/05/2022 ਅਤੇ ਮੀਮੋ ਨੰ; ਟ੍ਰਾਂਸਫਰਸੈਲ/2022/01 ਮਿਤੀ 01/06/2022 ਰਾਹੀਂ ਯੋਗ ਪ੍ਰਾਇਮਰੀ ਵਿੰਗ ਨਾਲ ਸਬੰਧਤ ਦਰਖਾਸਤਕਰਤਾਵਾਂ ਤੋਂ ਬਦਲੀ ਲਈ ਬੇਨਤੀਆਂ epunjabschool portal ਤੋਂ ਆਪਣੇ Login ID ਰਾਹੀਂ ਕਰਨ ਲਈ ਜਨਤਕ ਸੂਚਨਾ (Public Notice) ਜਾਰੀ ਕੀਤਾ ਗਿਆ ਸੀ। ਜਿੰਨ੍ਹਾਂ ਯੋਗ ਦਰਖਾਸਤਕਰਤਾਵਾਂ ਨੇ ਬਦਲੀ ਲਈ ਬੇਨਤੀ ਦਿੱਤੀ ਸੀ ਉਨ੍ਹਾਂ ਵੱਲੋਂ epunjabschool portal ਤੇ Login ਕਰਕੇ ਬਦਲੀ ਲਈ Station Choice ਮਿਤੀ 21/06/2022 ਤੋਂ 23/06/2022 ਤੱਕ ਦਿੱਤੀ ਗਈ ਸੀ।

4.0 ਟੀਚਰ ਟ੍ਰਾਂਸਫਰ ਪਾਲਿਸੀ-2019 ਦੀਆਂ ਹੇਠ ਲਿਖੀਆਂ ਮੱਦਾਂ ਵਿੱਚ ਸੋਧ ਕੀਤੀ ਗਈ ਹੈ:-

4.1 The Right of Persons with Disabilities Act ਅਨੁਸਾਰ ਪਾਲਿਸੀ ਅਧੀਨ Special Category/Exempted Category ਵਿੱਚ ਅੰਗਹੀਣ ਦੀ ਪ੍ਰਤੀਸ਼ਤਤਾ 60% ਤੋਂ ਘਟਾ ਕੇ 40% ਕੀਤੀ ਗਈ ਹੈ।

4.2 ਅਧਿਆਪਕ ਜਿਸ ਸਕੂਲ ਤੋਂ ਬਦਲੀ ਕਰਵਾਉਣਾ ਚਾਹੁੰਦੇ ਹਨ ਅਤੇ ਜਿਸ ਸਕੂਲ ਵਿੱਚ ਬਦਲੀ ਕਰਵਾਉਣਾ ਚਾਹੁੰਦੇ ਹਨ, ਇੰਨ੍ਹਾਂ ਦੋਹਾਂ ਸਕੂਲਾਂ ਦੀ ਵਿਚਕਾਰ ਦੀ ਦੂਰੀ ਅਨੁਸਾਰ ਅੰਕ ਦਿੱਤੇ ਜਾਣਗੇ। ਪਹਿਲੇ 50 ਕਿਲੋਮੀਟਰ ਤੇ ਕੋਈ ਅੰਕ ਨਹੀਂ ਹੋਵੇਗਾ ਅਤੇ ਉਸ ਤੋਂ ਬਾਅਦ ਹਰ 25 ਕਿਲੋਮੀਟਰ ਤੇ 01 ਅੰਕ ਦਿੱਤਾ ਜਾਵੇਗਾ।

5.0 ਲੜੀ ਨੰ;4.0 ਤਹਿਤ ਟੀਚਰ ਟ੍ਰਾਂਸਫਰ ਪਾਲਿਸੀ-2019 ਵਿੱਚ ਸਾਲ 2022-23 ਲਈ ਕੀਤੀਆਂ ਗਈਆਂ ਸੋਧਾਂ ਅਤੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਪਹਿਲਾਂ ਜਾਰੀ ਕੀਤੇ ਗਏ ਜਨਤਕ ਸੂਚਨਾ ਦੇ ਮੀਮੋ ਨੰ; ਟ੍ਰਾਂਸਫਰਸੈਲ/2022/397 ਮਿਤੀ 26/05/2022, ਮੀਮੋ ਨੰ;ਟ੍ਰਾਂਸਫਰਸੈਲ/333159/2022/05 ਮਿਤੀ 17/06/2022 ਰਾਹੀਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਤੇ

ਸਿੱਖਿਆ ਪ੍ਰਵਾਈਡਰ, ਏ.ਜੀ.ਐਸ./ਐਸ.ਟੀ.ਆਰ., ਏ.ਆਈ.ਈ. ਵੋਲੰਟੀਅਰਜ਼ ਤੋਂ ਪ੍ਰਤੀਬੇਨਤੀਆਂ ਮੰਗੀਆਂ ਗਈਆਂ ਸਨ। ਅਜਿਹੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ ਏ.ਆਈ.ਈ./ ਐਸ.ਟੀ.ਆਰ. ਵਲੰਟੀਅਰਜ਼ ਜਿੰਨ੍ਹਾਂ ਵੱਲੋਂ ਇੰਨ੍ਹਾਂ ਜਨਤਕ ਸੂਚਨਾ ਰਾਹੀਂ ਬਦਲੀ ਲਈ ਅਪਲਾਈ ਕੀਤਾ ਗਿਆ ਸੀ, ਨੂੰ ਰੱਦ ਕਰਦੇ ਹੋਏ, ਵਾਂਝੇ ਰਹਿ ਗਏ ਅਧਿਆਪਕਾਂ ਅਤੇ ਜਿੰਨ੍ਹਾਂ ਵੱਲੋਂ ਬਦਲੀ ਲਈ ਪਹਿਲਾਂ ਅਪਲਾਈ ਕੀਤਾ ਗਿਆ ਸੀ, ਨੂੰ ਮੁੱੜ ਤੋਂ ਬਦਲੀਆਂ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਬਦਲੀਆਂ ਲਈ ਪਹਿਲਾਂ ਭਰੇ ਡਾਟੇ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

6.0 ਇਸ ਮੰਤਵ ਲਈ ਮਿਤੀ 27/06/2022 ਤੋਂ 29/06/2022 ਤੱਕ epunjabschool portal ਤੋਂ ਆਪਣੇ Employee Login ID ਤੇ Login ਕਰਕੇ ਬਦਲੀ ਲਈ ਅਪਲਾਈ ਕੀਤਾ ਜਾਵੇ। ਵੇਰਵੇ ਕੇਵਲ Online ਹੀ ਭਰੇ ਜਾਣਗੇ।

7.0 ਲੜੀ ਨੰ:6.0 ਦੇ ਸਨਮੁੱਖ ਬਦਲੀਆਂ ਲਈ ਦਰਖਾਸਤਕਰਤਾਵਾਂ ਵੱਲੋਂ ਆਪਣੀ ਪ੍ਰਤੀਬੇਨਤੀਆਂ ਸਬੰਧੀ ਵੱਖ-ਵੱਖ Modules ਭਰੇ ਜਾਣੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨः-

(i) Update General Details
(ii) Update Results
(iii) Update Service Record

ਉਪਰੋਕਤ Modules ਵਿੱਚ ਮੁਕੰਮਲ ਵੇਰਵੇ ਭਰਨ ਉਪਰੰਤ Approve Data ਦਾ Button Click ਕੀਤਾ ਜਾਵੇ।

8.0 ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ/ਸਿੱਖਿਆ ਪ੍ਰੋਵਾਈਡਰ/ਈ.ਜੀ.ਐਸ./ ਏ.ਆਈ.ਈ./ਐਸ.ਟੀ.ਆਰ. ਵੋਲੰਟੀਅਰਜ਼ ਜਿੰਨ੍ਹਾਂ ਨੇ ਵੱਖ-ਵੱਖ ਜੋਨਾਂ ਵਿੱਚ ਸੇਵਾ ਕੀਤੀ ਹੈ, ਉਹ ਡਾਟਾ ਅਪਰੂਵ ਕਰਨ ਤੋਂ ਪਹਿਲਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਉਹਨਾਂ ਵੱਲੋਂ ਜੋਨਾਂ ਵਿੱਚ ਕੀਤੀ ਗਈ ਸੇਵਾ ਅਤੇ ਸਿੱਖਿਆ ਵਿਭਾਗ ਵਿੱਚ ਕੀਤੀ ਗਈ ਕੁੱਲ ਸੇਵਾ ਦੇ ਸਮੇਂ ਵਿੱਚ ਅੰਤਰ ਨਹੀਂ ਹੋਣਾ ਚਾਹੀਦਾ। ਜੇਕਰ ਕਿਸੇ ਕਾਰਨ ਅੰਤਰ ਹੈ ਤਾਂ ਉਹ ਇਸ ਸਬੰਧੀ Remarks ਦੇਣਗੇ। Remarks ਵਿੱਚ ਠੋਸ ਕਾਰਨ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਨੂੰ ਬਦਲੀ ਲਈ ਨਹੀਂ ਵਿਚਾਰਿਆ ਜਾਵੇਗਾ।

9.0 ਬਦਲੀ ਸਬੰਧੀ ਦਰਖਾਸਤਾਂ ਵਿੱਚ ਭਰੇ ਗਏ ਡਾਟੇ ਨੂੰ Approve Data ਦਾ Button Click ਕਰਨ ਤੋਂ ਬਾਅਦ ਵੀ ਅੰਤਿਮ ਮਿਤੀ 29/06/2022 ਤੱਕ Data Editing ਜਿੰਨ੍ਹੀ ਵਾਰ ਮਰਜੀ ਕੀਤੀ ਜਾ ਸਕੇਗੀ, ਪਰੰਤੂ ਅੰਤਿਮ ਮਿਤੀ ਉਪਰੰਤ ਡਾਟਾ ਵਿੱਚ ਕੋਈ ਤਬਦੀਲੀ ਨਹੀਂ ਹੋ ਸਕੇਗੀ।

10.0 ਅਧੂਰੇ ਜਾਂ ਗਲਤ ਵੇਰਵੇ ਪਾਏ ਜਾਣ ਤੇ ਸਬੰਧਤ ਦੀ ਬਦਲੀ ਦੀ ਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

11.0 Special Category ਅਧੀਨ ਅਪਲਾਈ ਕਰਨ ਵਾਲੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ/ਸਿੱਖਿਆ ਪ੍ਰੋਵਾਈਡਰ/ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵੋਲੰਟੀਅਰਜ਼ ਵੱਲੋਂ

ਆਪਣੀ ਕੈਟਾਗਰੀ ਸਬੰਧੀ ਦਸਤਾਵੇਜ ਨਾਲ ਨੱਥੀ ਕਰਨਗੇ। ਦਸਤਾਵੇਜ ਨੱਥੀ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਦੀ ਬੇਨਤੀ ਨੂੰ Special Category ਅਧੀਨ ਵਿਚਾਰਿਆ ਨਹੀਂ ਜਾਵੇਗਾ।

12.0 Exempted Category ਅਧੀਨ ਬਦਲੀਆਂ ਕਰਵਾਉਣ ਲਈ ਵੀ ਕੇਵਲ ਆਨਲਾਇਨ ਪ੍ਰਤੀਬੇਨਤੀ ਹੀ ਵਿਚਾਰੀ ਜਾਵੇਗੀ। ਜਿਹੜੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਵੱਲੋਂ ਆਨਲਾਇਨ ਮੋਡ ਰਾਹੀਂ Exempted Category ਅਧੀਨ ਬਦਲੀ ਲਈ ਦਰਖਾਸਤਾਂ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ Exempted Category ਅਧੀਨ ਕੇਵਲ ਪੋਰਟਲ ਰਾਹੀਂ ਹੀ ਆਨਲਾਇਨ ਬਦਲੀ ਲਈ ਅਪਲਾਈ ਕਰਨਗੇ। Exempted Category ਲਈ ਆਫਲਾਇਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

13.0 Mutual Transfer ਲਈ ਵੀ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਵੱਲੋਂ ਆਨਲਾਇਨ ਵਿਧੀ ਰਾਹੀਂ epunjabschool portal ਤੇ ਹੀ ਅਪਲਾਈ ਕਰਨਗੇ। ਜੋ ਅਧਿਆਪਕ Mutual Transfers ਲਈ ਅਪਲਾਈ ਕਰਨਾ ਚਾਹੁੰਦੇ ਹਨ, ਉਹ ਵੀ General Transfers ਦੇ ਨਾਲ ਹੀ ਅਪਲਾਈ ਕਰਨਗੇ। Mutual Transfers ਲਈ ਆਫਲਾਈਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

14.0 ਦਰਖਾਸਤ ਕਰਤਾ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ਏ.ਆਈ.ਈ/ਐਸ.ਟੀ.ਆਈ ਵਲੰਟੀਅਰਜ ਜਿਨ੍ਹਾਂ ਦੇ ਵੇਰਵੇ ਸਹੀ ਪਾਏ ਜਾਣਗੇ, ਉਹਨਾਂ ਤੋਂ ਹੀ ਬਦਲੀ ਲਈ Station Choice ਲਈ ਜਾਵੇਗੀ। ਬਦਲੀਆਂ ਲਈ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ, ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ. ਵਲੰਟੀਅਰਜ ਤੋਂ ਵਾਰ ਵਾਰ ਡਾਟਾ ਨਹੀਂ ਭਰਵਾਇਆ ਜਾਵੇਗਾ, ਬਦਲੀ ਲਈ ਡਾਟਾ ਕੇਵਲ ਮਿਤੀ 27.06.2022 ਤੋਂ 29.06.2022 ਤੱਕ ਹੀ ਭਰਿਆ ਜਾ ਸਕੇਗਾ।, ਉਸ ਉਪਰੰਤ ਕੋਈ ਦਰਖਾਸਤ ਨਹੀਂ ਲਈ ਜਾਵੇਗੀ।

15.0 Station choice ਲੈਣ ਲਈ ਵੱਖਰੇ ਤੌਰ ਤੇ ਜਨਤਕ ਸੂਚਨਾਂ ਜਾਰੀ ਕੀਤੀ ਜਾਵੇਗੀ।

16.0 **ਕਿਸੇ ਵੀ ਕੈਟਾਗਿਰੀ ਅਧੀਨ ਕੀਤੀ ਜਾਣ ਵਾਲੀ ਬਦਲੀ ਕੇਵਲ ਆਨਲਾਈਨ ਮੋਡ ਰਾਹੀਂ ਹੀ epunjabschool portal ਤੇ ਵਿਚਾਰੀ ਜਾਵੇਗੀ। ਆਫ ਲਾਈਨ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗੀ।**

17.0 ਜੇਕਰ ਕਿਸੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਸਿੱਖਿਆ ਪ੍ਰੋਵਾਈਡਰ , ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਜ ਨੂੰ ਬਦਲੀ ਲਈ ਆਨਲਾਈਨ ਬੇਨਤੀ ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਸ਼ਨ ਦੀ ਮਦਦ ਲੈ ਸਕਦਾ ਹੈ, ਜਿਨ੍ਹਾ ਦੀ ਫੋਨ ਨੰਬਰਾਂ ਦੀ ਸੂਚੀ eunjabschool Portal ਤੇ ਉਪਲਬਧ ਹੈ।

**ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ), ਪੰਜਾਬ**